441

(1940)

3

(1940)

441

7

3
162

سوہنی گنگا رام

ਕਿੱਸਾ

ਸੋਹਣੀ ਗੰਗਾਰਾਮ



ਬਿ: ੧੯੬੧ | ਨਾ: ੪੨੫ | ਈ: ੧੯੦੪

ਲਾਹੌਰ

ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼

ਪ੍ਰਿੰਟਰਜ਼, ਪਬਲਿਸ਼ਰਜ਼, ਬੁਕਸੇਲਰਜ਼,

ਮਾਰਫ਼ਤ ਪੰਜਾਬ ਸੈਂਟਰਲ ਬੁਕਡਿਪੋ ਵ ਮੁਫ਼ੀਦ ਆਮ ਪ੍ਰੈਸ

੧ ੴਸਤਿਗੁਰਪ੍ਰਸਾਦਿ॥

ਸੋਹਣੀ ਗੰਗਾਰਾਮ ਦੀ

ਦੋਹਰਾ॥ ਵੱਸੇ ਵਿਚ ਗੁਜਰਾਤ ਤੇ ਤੁੱਲਾ ਨਾਮ ਘੁਮਯਾਰ।
ਰ ਜਾਮ ਬਣਾਂਵਦਾ ਕਰੇ ਹਮੇਸ਼ਾ ਕਾਰ ॥੧॥ ਸ਼ਾਹੂਕਾਰ
ਦਿ ਦਾ ਖੂਹੇ ਚੰਮਨੇਵਾਦ॥ ਗੰਗਾਰਾਮ ਘਰ ਉਸਦੇ ਹੁੰਦੀ
ਉਲਾਦ॥੨॥ ਕਬਿਤ॥ ਰਬ ਹੋਇਆ ਮਿਹਰਬਾਨ ਸੋ-
ਹਣੀ ਬਖ਼ਸ਼ੀ ਨਿਦਾਨ ਬਾਰੀਂ ਵਰੀਂ ਹੋਈ ਜੁਆਨ ਏਹੋ ਰੂਪ ਮਨ
ਭਾਂਵਦਾ। ਆਧਾ ਮੁਗਲ ਵਿਚਾਰਾ ਛੱਡ ਬਲਖ਼ ਬੁਖ਼ਾਰਾ ਓਹ
ਬਪਾਰ ਕਰੇ ਭਾਰਾ ਗੁਜਰਾਤ ਡੇਰਾ ਲਾਂਵਦਾ। ਲਿਆਧਾ ਨ-
ਜ਼ਰ ਪਿਆਲਾ ਪਾਸ ਉਸਦੇ ਰਜਾਲਾ ਦੇਖ ਹੋਯਾ ਮਤਵਾਲਾ
ਇਸ਼ਤਬੇਗ ਜੋ ਕਹਾਂਵਦਾ। ਗੰਗਾਰਾਮ ਓਹ ਸੁਣਾਵੇ ਘਰ
ਘੁਮਿਆਰਾਂ ਜਾਵੇ ਸੋਹਣੀ ਮੁਖੜਾ ਦਿਖਾਵੇ ਓਹ ਬੇਤਾਬ ਹੋਇ
ਜਾਂਵਦਾ॥ ੩ ॥ ਡੇਉਢ ॥ ਚੇਤ੍ਰ ਚਿੰਤਾ ਲਗੀ ਮੁਗਲ
ਨੂੰ ਕੀਤਾ ਇਸ਼ਕ ਦੀਵਾਨਾ ਹੂਆ ਹੈਰਾਨਾ॥ ਵਿਸਰ ਗਿਯਾ
ਘਰ ਬਾਰ ਉਸਨੂੰ ਮੁੱਕਾ ਮਾਲ ਖਜ਼ਾਨਾ ਬਹੁਤ ਵੈਰਾਨਾ।
ਘਰ ਘੁਮਿਆਰਾਂ ਚਾਕਰ ਰਹਿੰਦਾ ਮਝੀਆਂ ਦਾ ਚਰਵਾਨਾ ਛੋਡ
ਗੁਮਾਨਾ। ਗੰਗਾਰਾਮ ਸਭ ਪਾਲੀ ਉਸਨੂੰ ਛੇੜਨ ਲਾਕੇ

ਤਾਨਾ ਮਾਰ ਨਿਸ਼ਾਨਾਂ ॥ ੪ ॥ ਦੋਹਰਾ ॥ ਨਿੱਤ ਉੱਠ ਮੱਝੀਂ
ਚਾਰਦਾ ਮਹੀਂਵਾਲ ਮਸ਼ਹੂਰ। ਰਾਤ ਪਈ ਘਰ ਆਂਵਦਾ ਦਿ-
ਲਬਰ ਦੇ ਹਜ਼ੂਰ ॥੫॥ ਰਾਤ ਦਿਨੇ ਨਾ ਓਸਨੂੰ ਨੀਂਦਰ ਭੁੱਖ
ਪਯਾਸ। ਗੰਗਾਰਾਮ ਰਬ ਓਸਦੀ ਕਦੀ ਪੁਜਾਵੇ ਆਸ ॥ ੬ ॥
ਕਬਿੱਤ ॥ ਸੋਹਣੀ ਹੋਈ ਸੀ ਨਿਸੰਗ ਚੜ੍ਹ ਗਿਆ ਗੂੜ੍ਹਾ
ਰੰਗ ਦੋਵੇਂ ਜ਼ੁਲਫ਼ਾਂ ਭੁਜੰਗ ਕੰਨੀ ਲਟਕਨ ਵਾਲੀਆਂ। ਭਵਾਂ
ਦਿਸਨ ਕਮਾਨ ਨੈਨ ਮਾਰਦੇ ਨਿਸ਼ਾਨ ਲਾਲ ਵੇਖ ਪਰੇਸ਼ਾਨ
ਲਬਾਂ ਸੁਰਖ਼ ਮਤਵਾਲੀਆਂ। ਦੰਦ ਸੁੱਚੇ ਮੋਤੀ ਆਬੀ [illegible]
ਭਖਨ ਮਤਾਬੀ ਮੁਖ ਸੋਹਨਾਂ ਗੁਲਾਬੀ ਕੰਨੀ ਸੱਜ ਰ[illegible]
ਬਾਲੀਆਂ। ਗੰਗਾਰਾਮ ਓਹ ਸਿੰਗਾਰ ਬੀਨੀ ਯਾਰ ਝਲਕ[illegible]
ਚੋਟਾਂ ਲੱਖ ਤੇ ਹਜ਼ਾਰ ਮੇਹੀਂਵਾਲ ਨੇ ਸੰਭਾਲੀਆਂ ॥ ੭॥੧ ॥
॥ ਡੇਉਢ ॥ ਵਸਾਖ ਵੱਸ ਨਾ ਮੇਹੀਵਾਲ ਦੇ ਸੋਹਣੀ ਜਾਦੂ
ਡਾਰੇ ਕਾਮਨ ਭਾਰੇ। ਭੁੱਲਾ ਵਣਜ ਵਪਾਰ ਜਿਸਨੂੰ ਨਿਤ
ਉਠ ਮੱਝੀਆਂ ਚਾਰੇ ਨਦੀ ਕਿਨਾਰੇ। ਸੁੱਕ ਸਰੀਰ ਹੋਯਾ [illegible]
ਪਿੰਜਰ ਇਸ਼ਕ ਰਚਿਆ ਤਨ ਸਾਰੇ ਆਹੀਂ ਮਾਰੇ। ਗੰਗਾਰਾਮ
ਸੋਹਣੀ ਦੀ ਖਾਤਰ ਛੱਡੇ ਮਹਿਲ ਚੁਬਾਰੇ [illegible] ॥
ਦੋਹਰਾ ॥ ਸ਼ੋਹਰਤ ਸਾਰੇ ਉਡ ਗਈ ਹੋਯਾ ਇਸ਼ਕ ਕਮਾਲ।
ਲੋਕ ਵਿਚਾਰਾ ਕਿਆ ਕਰੇ ਏਹੋ ਜਗਤ ਦੀ ਚਾਲ ॥ ੯ ॥ ਵੇਖੋ
ਯਾਰੋ ਮੁਗਲ ਨੇ ਮਾਰੀ ਪੈਰ ਕਹੀ। ਗੰਗਾਰਾਮ ਛੱਡ ਵੇਣਜ
ਨੂੰ ਚਾਰੇ ਰੋਜ਼ ਮਹੀ ॥ ੧੦ ॥ ਕਬਿੱਤ ॥ ਨਿੱਤ ਮੱਝੀਆਂ ਚਰਾਵੇ
ਚਾਰਾ ਵੱਢਕੇ ਲਿਆਵੇ ਸੰਝ ਪਈ ਘਰ ਆਵੇ ਲੱਖ ਸ਼ੁਕਰ ਮ-

ਨਾਂਵਦਾ। ਏਹੋ ਆਸ਼ਕਾਂ ਦੀ ਕਾਰ ਨਿੱਤ ਮੰਗਦੇ ਦੀਦਾਰ ਕਦ ਲਏ ਮੇਰੀ ਸਾਰ ਦਿਲਦਾਰ ਗਲਲਾਂਵਦਾ। ਰਹੇ ਹਾਜ਼ਰਾ ਹ-ਜ਼ੂਰ ਉਹਨੂੰ ਵੇਖਦਾ ਜ਼ਰੂਰ ਨੈਨ ਰਹੇ ਭਰਪੂਰ ਮੱਦ ਇਸ਼ਕ ਜਿਉਂ ਪਿਲਾਂਵਦਾ। ਗੰਗਾਰਾਮ ਓਹ ਘੁਮਾਰ ਸੁਣ ਕੇ ਹੋਏ ਹੀ ਲਾਚਾਰ ਕੀਤਾ ਸੋਹਣੀ ਨੇ ਖੁਆਰ ਤੁਲਾ ਅੰਨ ਨਹੀਂ ਖਾਂਵਦਾ॥ ੧੧ ॥ ੨॥ ਡੇਉਢ॥ ਜੇਠ ਜੱਗਤ ਵਿੱਚ ਖਬਰਾਂ ਹੋਈਆਂ ਸੋਹਣੀ ਮੇਹੀਂਵਾਲ ਦੀ ਯਾਰੀ ਕਹਿਨ ਬਪਾਰੀ॥ ਚਰਚਾ ਲੋਕ ਕਰੇ ਸਭ ਉਸਦੀ ਜੋ ਵਸਦਾ ਘਰ ਬਾਰੀ ਪੁ-ਰਖਾ ਨਾਰੀ। ਸੁਨ ਸ਼ਰਮਿੰਦਾ ਹੋਯਾ ਤੁੱਲਾ ਕੀਤੀ ਇਸ਼ਕ ਖੁ-ਆਰੀ ਬਹੁਤ ਲਚਾਰੀ। ਗੰਗਾਰਾਮ ਸਭ ਕਰਨ ਸਲਾਹਾਂ ਏਹ ਪਾਲੀ ਕਿਸ ਕਾਰੀ ਠੱਗ ਬਜ਼ਾਰੀ॥ ੧੨॥ ਦੋਹਰਾ ॥ ਰਲ ਘੁਮਿਆਰਾਂ ਬੈਠਕੇ ਕੀਤੀ ਇਕ ਸਲਾਹ। ਇਹ ਪਾਲੀ ਨਹੀਂ ਥੰਮਦਾ ਇਸਨੂੰ ਦੇਓ ਹਟਾਇ॥ ੧੩॥ ਜਾਹੁ ਮੀਆਂ ਘਰ ਆਪਣੇ ਤੈਥੋਂ ਅਸੀਂ ਬਿਹਾਲ। ਗੰਗਾਰਾਮ ਤੁਧ ਅਸਾਂ ਦਾ ਕੀਤਾ ਨਿਮਕ ਹਲਾਲ॥ ੧੪॥ ਕਬਿੱਤ॥ ਘਰੋਂ ਕੱਢ ਦਿਤਾ ਜ਼ੋਰ ਕੁਛ ਉਜ਼ਰ ਨਾਂ ਜ਼ੋਰ ਜਿਉਂ ਪਤੰਗੋਂ ਟੁਟੀ ਡੋਰ ਕੋਈ ਠਉਰ ਨਹੀਂ ਪਾਂਵਦਾ। ਮੇਹੀਂਵਾਲ ਸੀ ਨਿਤਾਣਾ ਕੀਤਾ ਇਸ਼ਕ ਨੇ ਨਿਮਾਣਾ ਟੁਰ ਪਿਆ ਮਨ ਭਾਣਾ ਦਿਨ ਰਾਤ ਪਛੋਤਾਂਵਦਾ। ਲੋਕ ਛੇੜਦੇ ਕਮੀਨੇ ਬੋਲੀ ਮਾਰ ਵਿੱਚ ਸੀਨੇ ਕਈ ਮੁੱਦਤ ਮਹੀਨੇ ਰੋਜ਼ ਠੋਕਰਾਂ ਹੀ ਖਾਂਵਦਾ। ਗੰਗਾਰਾਮ ਸਚ ਕਹਿੰਦਾ ਮੇਹੀਵਾਲ ਦੁਖ ਸਹਿੰਦਾ ਕੋਈ ਜੁਗਤਿ ਬਣੇਂਦਾ ਰੋਜ਼ ਭਿਛਿਆ

ਜਾਂਵਦਾ॥ ੧੫ ॥ ੩ ॥ ਡੇਓੜ ॥ ਹਾੜ ਹਕੂਮਤ ਭੁਲ ਗਈ ਜਦ ਦਿਤੀ ਇਸ਼ਕ ਦਿਖਾਈ ਹੂਆ ਸੁਦਾਈ। ਅੱਖੀਂ-ਯਾਰ ਦਿਸੇ ਜਿਸ ਹੀਲੇ ਹਿਕਮਤ ਸੋਈ ਬਨਾਈ ਝੋਲੀ ਪਾਈ। ਜਾਵੇ ਰੋਜ਼ ਗਲੀ ਉਸ ਮੰਗਣ ਆਪਣਾ ਆਪ ਛ-ਪਾਈ ਹੋਰ ਬਨਾਈ ॥ਗੰਗਾਰਾਮ ਦੀਦਾਰ ਵਾਸਤੇ ਕਰਦਾ ਇਸ਼ਕ ਗਦਾਈ ਜਾਨ ਬਚਾਈ॥ ੧੬ ॥ ਦੋਹਰਾ ॥ ਸੋਹਣੀ ਨਜ਼ਰ ਨਾ ਆਂਵਦੀ ਫਿਰਦਾ ਰਾਤਦਿਨੇ। ਮੇਹੀਵਾਲ ਫਕੀਰ ਨੂੰ ਲਖਿਆ ਨਾਹਿ ਕਿਨੇ ॥ ੧੭ ॥ ਮਿਹਰਵਾਨਗੀ ਰੱਬਦੀ ਉਸ ਪਰ ਆਨ ਹੋਈ। ਗੰਗਾਰਾਮ ਸੋਹਣੀ ਖੈਰਲੈ ਆਈ ਜਾਨਕੇ ਫ਼ਕਰ ਕੋਈ ॥ ੨੧ ॥ ਕਬਿੱਤ ॥ ਖੈਰ ਪਾਇ ਰਹਦੀ ਝੋਲੀ ਮੁਖੋਂ ਬਚਨ ਜੁਬੋਲੀ ਓਦੇ ਸੀਨੇ ਲਗੀ ਗੋਲੀ ਡੱਗ ਪਜਾ ਗ਼ਸ਼ਖਾਇਕੇ। ਮੇਹੀਵਾਲਸੀ ਫ਼ਕੀਰ ਸੁਧ ਰਹੀਨਾਂ ਸਰੀਰ ਦਿਲੋਂ ਲਗਦੇ ਨੀ ਤੀਰ ਵਿੱਚ ਜਿਗਰ ਵਿਕਾਇਕੇ। ਕੀਤਾ ਸੋਹਨੀ ਨੇ ਧਿਆਨ ਲੀਤਾ ਯਾਰਨੂੰਪਛਾਨ ਓਨੂੰ ਕੀਤਾ ਸਾਵਧਾਨ ਬਾਂਹੋਂ ਪਕੜ ਉਠਾਇ ਕੇ। ਗੰਗਾਰਾਮ ਓਹ ਚੁ-ਪਾਤੀ ਕਹਿੰਦੀ ਆਂਵੀਂ ਨਾ ਤੂੰ ਰਾਤੀਂ ਲੋਕ ਲਾਂਵਦੇ ਨੀ ਕਾਤੀ ਕਾਂਈ ਮਾਰੂ ਪਤੀਆਇਕੇ ॥ ੧੯ ॥ ੪ ॥ ਡੇਓੜ ॥ ਸਾਵਣ ਕ ਸੋਹਣੀ ਨੇ ਕੀਤਾ ਕਹਿੰਦੀ ਬਾਤ ਜਿਗਰ ਦੀ ਆਪੇ ਕਰਦੀ। ਸੋਹਣੀ ਪੈਰ ਪਿਛਾਂਹ ਜੁ ਕੀਤਾ ਮਾਤ ਪਿਤਾ ਤੋਂ ਡਰਦੀ ਗੱਲ ਨਾ ਕਰਦੀ। ਮੇਹੀਵਾਲ ਮੁੜ ਆਪਣੀ ਰਾਹੀਂ ਬੂਹੇਂ ਕਲੇਜਾ ਜਰਦੀ ਹੈ ਦਿਲ ਬਰਦੀ। ਗੰਗਾਰਾਮ ਮੇਹੀ

ਵਾਲਦੀ ਖਾਤਰ ਸੋਹਣੀ ਜਾਂਦੀ ਮਰਦੀ ਸੈ ਦੁਖ ਜਰਦੀ ॥
੨੦ ॥ ਦੋਹਰਾ ॥ ਰਲ ਘੁਮਾਰਾਂ ਬੈਠਕੇ ਕੀਤੀ ਇੱਕ
ਸਲਾਹ। ਰਾਤੀ ਪਾਲੀ ਆਂਵਦਾ ਅਪਨਾ ਭੇਸ ਵਟਾਇ॥੨੧
॥ ਇਸ ਪਾਲੀ ਨੂੰ ਮਾਰਨਾ ਘਰਿਵਿੱਚ ਕਰੋ ਇਤਫਾਕ। ਗੰ-
ਗਾਰਾਮ ਵਿਚ ਸ਼ਹਿਰ ਦੇ ਕਰੋ ਸੋਹਣੀ ਦਾ ਸਾਕ ॥੨੨॥
ਕਬਿੱਤ॥ ਸਖੀ ਸੋਹਣੀ ਦੀ ਸੀ ਕੋਲ ਓਸ ਸੁਣੇ ਸਭੇ ਬੋਲ
ਕਹਿਂਦੀ ਸੋਹਣੀ ਤਾਂਈ ਫੋਲ ਗਲ ਸਾਰੀ ਸਮਝਾਇਕੇ।
ਸੋਹਣੀ ਸੁਣਕੇ ਹੈਰਾਨ ਹੋਈ ਬਹੁਤ ਪਰੇਸ਼ਾਨ ਟੁੱਟਾ ਦਿਲਦਾ
ਗੁਮਾਨ ਕਿਨੂੰ ਕਹਾਂਗੀ ਸੁਣਾਇਕੇ ॥ ਸਖੀ ਦੇਖ ਮੇਰਾ ਹਾਲ
ਤੂੰ ਤਾਂ ਢੂੰਢ ਮੇਹੀਵਾਲ ਆਖੀਂ ਛੱਡ ਬੁਰੀਚਾਲ ਜਾਵੇਂ ਜਾਨ ਦੇ
ਗਵਾਇਕੇ। ਗੰਗਾਰਾਮ ਓਹ ਸਹੇਲੀ ਟੁਰਪਈ ਸੀ ਅਕੇਲੀ
ਮੇਹੀਵਾਲ ਤਾਂਈ ਮੇਲੀ ਸੱਚੇ ਰਬਨੇ ਲੈਜਾਇਕੇ॥ ੨੩ ॥੫।
ਡੇਉਢ ॥ ਭਾਦੋਂ ਭੇਤ ਕਹਿਆ ਸਭ ਉਸਨੇ ਮੇਹੀਵਾਲਨੂੰਸਾਰਾ
ਜੋ ਵਰਤਾਰਾ। ਇਕਸਨੇਹਾਸੋਹਣੀਦਿੱਤਾਤੂੰਸੁਣਮੈਂਡਿਆ ਯਾ-
ਰਾ ਤੇ ਦਿਲਦਾਰਾ। ਦਿਲ ਵਿੱਚ ਯਾਦ ਕਰੇ ਉਸ ਰੱਬਨੂੰ ਜਿਨ
ਰਚਿਆ ਜਗ ਸਾਰਾ ਖੇਲ ਖਿਲਾਰਾ। ਗੰਗਾਰਾਮ ਇਕ ਅ-
ਰਜ ਅਸਾਡੀ ਇਤਨਾ ਕਹਜਾ ਹਮਾਰਾ ਫੜੋ ਕਿਨਾਰਾ॥ ੨੪
॥ਦੋਹਰਾ॥ ਮੇਹੀਵਾਲ ਉਠ ਚਲਿਆ ਨਦੀ ਸ਼ਨਾਂਓਂ ਪਾਰ ॥
ਖਾਇ ਕਟਾਰੀ ਇਸ਼ਕ ਦੀ ਕੀਤਾ ਬ੍ਰਿਹੋਂ ਲਚਾਰ ॥ ੨੫ ॥
ਨਾਮ ਧਾਰਦਾ ਰਾਤ ਦਿਨ ਰੱਖੇ ਜਿਗਰ ਵਿਚ ਯਾਦ। ਗੰ-
ਗਾਰਾਮ ਖਿਜਰ ਪਾਕ ਤੇ ਕਰਦਾ ਏਹ ਫਰਿਯਾਦ ॥ ੨੬॥

ਕਬਿਤ ॥ ਤੁੱਲੇ ਕਾਜ ਦਾ ਰਚਾਇਆ ਭਾਈਚਾਰਾ ਸਦਵਾਯਾ ਬਹਕੇ ਸੋਹਣੀ ਨੂੰ ਵਿਆਹਿਯਾਪੱਲਾ ਆਪਣਾ ਛੁਡਾਂਵਦੇ। ਸੋਹ-ਣੀ ਵਿਚ ਡੋਲੀ ਪਾਈ ਸੂਹੀ ਓਢਨੀ ਪਹਨਾਈ ਘਰ ਸਹੁਰਿਯਾਂਦੇ ਆਈ ਲਖ ਸ਼ਗਨ ਮਨਾਂਵਦੇ। ਮੇਹੀਵਾਲ ਤਾਂਈ ਯਾਰਾਂ ਜਾਕੇ ਕੀਤੀਆਂ ਕਵਾਰਾਂ ਤੇਰੇ ਮਨ ਵਿਚ ਸਾਰਾਂ ਓਥੋਂ ਗਲ ਜੋ ਬਨਾਂਵਦੇ। ਗੰਗਾਰਾਮ ਮੇਹੀਵਾਲਾ ਸੁਣ ਹੋਯਾ ਮਤਵਾਲਾ ਪੀਤਾ ਇਸ਼ਕ ਦਾ ਪਿਆਲਾ ਦੁਖ ਆਨ ਜ਼ੋਰ ਪਾਂਵਦੇ ॥ ੨੭ ॥ ੬ ॥ ਡੇਉਢ ॥ ਅੱਸੂ ਆਸ਼ਕ ਕਰੇ ਦਲੀਲਾਂ ਤਰਫ਼ ਨਦੀ ਦੀ ਜਾਵੇ ਜੁਗਤਿ ਬਨਾਵੇ। ਲੈਕੇ ਮੱਛਲੀ ਓਸਦੇ ਨਾਮਦੀ ਖੂਬ ਕਬਾਬ ਬਨਾਵੇ ਪ੍ਰੀਤ ਲਗਾਵੇ। ਧਰਕੇ ਜਾਨ ਤਲੀ ਪਰ ਅਪਨੀ ਉਸ ਤਕਰਾਰ ਪੁਚਾਵੇ ਡੇਰ ਨਾ ਲਾਵੇ। ਗੰਗਾਰਾਮ ਸੋਹਨੀ ਦੇ ਅੱਗੇ ਜਾਇ ਕਬਾਬ ਟਿਕਾਵੇ ਦਿਲਬਰ ਖਾਵੇ ॥ ੨੮ ॥ ਦੋਹਰਾ ॥ ਭੋਰ ਪਈ ਉਠ ਆਂਵਦਾ ਕਰ ਕੇ ਫਿਕਰ ਸ਼ਿਤਾਬ। ਰਾਤ ਨਦੀ ਤਰ ਜਾਂਵਦਾ ਪੱਲੇ ਬੰਨ ਕਬਾਬ ॥ ੨੯ ॥ ਇਕ ਦਿਨ ਸਾਥ ਲਬਾਣਿਆਂ ਲਾਂਘੇ ਪਾਯਾ ਜ਼ੋਰ। ਗੰਗਾਰਾਮ ਬਿਨ ਮੱਛੀਓਂ ਹੀਲਾ ਕੋਈ ਨ ਹੋਰ ॥ ੩੦॥ ਕਬਿਤ ॥ ਮੇਹੀਵਾਲ ਨੇ ਕੀ ਕੀਤਾ ਪਟਪਾੜ ਮਾਸਲੀਤਾ ਏਹ ਆਸ਼ਕਾਂ ਦੀ ਰੀਤਾਂ ਜਾਨ ਦੇਵਣੇ ਨ ਸੰਗਦਾ। ਮੇਹੀਵਾਲ ਸੀ ਬਿਤਾਬ ਟੁਰ ਪਿਆ ਸੋ ਸ਼ਿਤਾਬ ਪੱਲੇ ਬੰਨ ਕੇ ਕਬਾਬ ਓਹ ਝਨਾਊਂ ਨਦੀ ਲੰਘਦਾ। ਲੰਘ ਨਦੀ ਆਧਾਪਾਰ ਦਿਲੋਂ ਬੰਨ ਕੇ ਕਰਾਰ ਅੱਜ ਮਿਲੇ ਦਿਲਦਾਰ ਏਹੋ ਰੱਬ ਕੋਲੋਂ ਮੰਗਦਾ

। ਰੰਗਾਰਾਮ ਏਹੀ ਗਲ ਪਹੁਤਾ ਸੋਹਨੀ ਦੇ ਮਹੱਲ ਦੇ ਮਹਿਬੂਬ ਬੈਠੇ ਰੱਲ ਕੁਝ ਓੜਕ ਨਾ ਰੰਗਦਾ॥ ੩੧ ॥ ੭ ॥ ॥ ਡੇਵਢ ॥ ਕੱਤਕ ਕਰਨ ਬਹਾਰ ਦਿਲਾਂਦੀ ਸਾਹਿਬ ਫੇਰ ਮਿਲਾਵੇ ਆਸ ਪੁਜਾਵੇ। ਖੋਲ ਕਬਾਬ ਰਖੇ ਆਸ਼ਕਨੇ ਦਿਲ-ਬਰਦੇ ਮੁਖ ਪਾਵੇ ਰਲਕੇ ਖਾਵੇ। ਲੱਜਤ ਤੇਜ਼ ਹੋਈ ਉਸਕੋਲੋਂ ਜਾਇ ਕਬਾਬ ਹਟਾਵੇ ਬਿਲਮ ਨ ਲਾਵੇ। ਰੰਗਾਰਾਮ ਮੇਹੀ-ਵਾਲ ਦੇ ਕੋਲੋਂ ਸੋਹਣੀ ਸੱਚ ਪੁਛਾਵੇ ਏਹ ਫੁਰਮਾਵੇ ॥ ੩੨ ॥

ਦੋਹਰਾ॥ ਮੇਹੀਵਾਲ ਨੇ ਦਸਿਆ ਕਿੱਸਾ ਸੱਭੋ ਫੋਲ। ਆਖ ਹਕੀਕਤ ਨਦੀ ਦੀ ਪੱਟ ਦਿਖਾਦਾ ਖੋਲ॥ ੩੩॥ ਸੋਹਣੀ ਵੇਖ ਮਹਬੂਬ ਨੂੰ ਮਾਸ ਕੁਬਾਬਹੈਰਾਨ। ਰੰਗਾਰਾਮ ਤੁਝ ਉ-ਪਰੋਂ ਕੀਤਾ ਮੈਂ ਕੁਰਬਾਨ ॥ ੩੪॥ ਕਬਿਤ ॥ ਸੋਹਣੀ ਆਖਦੀ ਪਿਯਾਰੇ ਆਖੇ ਲਗਜਾ ਹਮਾਰੇ ਬਹਕੇ ਨਦੀ ਦੇ ਕਨਾਰੇ ਤੂਧ ਮੂਲ ਨਹੀਂ ਆਵਣਾ। ਤੇਰੇ ਉਪਰੋਂ ਮੈਂ ਵਾਰੀ ਕੁਰਬਾਨ ਕੀਤੀ ਸਾਰੀ ਰਾਤ ਦਿਨ ਬਲਿਹਾਰੀ ਤੇਰਾ ਇਸ਼ਕ ਮੈਂ ਕਮਾਵਣਾ। ਰਾਤ ਪਿਛਲੀ ਜੁਆਈ ਮੇਹੀਵਾਲ ਮੁੜਰਾਹੀਂ ਜਾਇ ਪਹੁਤਾ ਉਸ ਥਾਈ ਜਿਥੇ ਤਕੀਆ ਵਿਛਾਵਣਾ। ਰੰਗਾ ਰਾਮ ਸੋਹਨੀ ਚੱਲੀ ਘੜਾ ਚੁੱਕਕੇ ਇਕਲੀ ਇਸਜਾਇ ਨਦੀ ਮੱਲੀ ਪਾਰ ਸਿਦਕ ਨੇ ਲੰਘਾਵਣਾ॥ ੩੫॥ ੮॥ ਡੇਊਢ ॥ ਮੱਘਰ ਮਿਲਕੇ ਮੇਹੀਵਾਲ ਨੂੰ ਛੋਡ ਘੜਾ ਉਠ ਆਵੇ ਨਿਤ ਉਠਧਾਵੇ। ਕੀਤਾ ਕਹਿਰ ਉਨਾਂ ਘੁਮਿਆਰਾਂ ਦਿਲ ਵਿਚੋਂ ਤਰਸ ਨ ਆਵੇ ਖੌਫ ਨਾ ਖਾਵੇ। ਪੱਕਾ ਚੁਕ ਲਿਆ ਉਸ ਥਾਹੋਂ

ਕੱਚਾ ਜਾਇ ਵਿਕਾਵੇ ਡੇਰਨ ਲਾਵੇ। ਗੰਗਾਰਾਮ ਸੋਹਨੀ ਰਾਤ ਦੂਸਰੀ ਤਰਫ ਨਦੀ ਦੀ ਜਾਵੇ ਜੁਗਤ ਬਨਾਵੇ ॥ ੩੬ ।

ਦੋਹਰਾ ॥ ਸੋਹਨੀ ਅੱਧੀ ਰਾਤ ਨੂੰ ਕਰੇ ਖੁਦਾ ਨੂੰ ਯਾਦ। ਅਜ ਮਿਲਸਾਂ ਮੇਹੀਂਵਾਲ ਨੂੰ ਦਿਲ ਦੀ ਏਹ ਮੁਰਾਦ ॥ ੩੭ ॥ ਦਿਲ ਵਿੱਚ ਕਚੁਕੇ ਸਾਬਤੀ ਲੀਤਾ ਘੜਾ ਉਠਾਇ ॥ ਗੰਗਾਰਾਮ ਰਬ ਮੇਲਸੀ ਮੇਹੀਵਾਲ ਨੂੰ ਜਾਇ ॥ ੩੮ ॥ ਕਬਿੱਤ ॥ ਘਰੋਂ ਨਿਕਲੀਸੀ ਝਾਰ ਘੜਾਂ ਕਛ ਵਿੱਚ ਮਾਰ ਦਿਲੋਂ ਬੰਨ ਕੇ ਕਰਾਰ ਮੁਖੋਂ ਬਚਨ ਸੁਨਾਂਵਦੀ। ਦਿਲੋਂ ਉਠਦੇ ਖਯਾਲ ਅੱਜ ਮਿਲੇ ਮੇਹੀਵਾਲ ਢੂੰਡਾਂ ਵਿਚ ਬੇਲੇ ਭਾਲ ਕਿਹੋਂ ਆਨਕੇ ਸਤਾਂਵਦੀ। ਰਾਹ ਬੇਲੇ ਦੇ ਸੁਖੇੜੇ ਸ਼ੀਂਹ ਬੁਕਦੇ ਚੁਫੇਰੇ ਨਾਗ ਸੂਕਦੇ ਵਡੇਰੇ ਪਈ ਦਾਮਨੀ ਡਰਾਂਵਦੀ। ਗੰਗਾਰਾਮ ਘਟ ਕਾਲੀ ਹੋਈ ਨਦੀ ਦੀ ਉਛਾਲੀ ਸੋਹਨੀ ਹੋਈ ਮਤਵਾਲੀ ਨਾਮ ਯਾਰ ਦਾ ਧਯਾਂਵਦੀ॥ ੩੯॥ ੮॥ ਡੇਓਢ ॥ ਪੋਹ ਪਕੜਿਆ ਘੜਾ ਸੋਹਣੀ ਨੇ ਸਾਹਿਬ ਨਾਮ ਧਯਾਵੇ ਖ਼ੌਫ਼ ਨ ਖਾਵੇ। ਨੈਂ ਵਿਚ ਜਾਇ ਵੜੀ ਜਿਸ ਵੇਲੇ ਭਾਰ ਘੜੇ ਪਰ ਪਾਵੇ ਜੋਰ ਲਗਾਵੇ। ਵਹਕੀ ਰਾਤ ਅਕਲ ਦੇ ਜੋਰੇ ਖਾਮ ਘੜਾ ਦਿਸ ਆਵੇ ਅਕਲ ਵੁਞਾਵੇ ॥ ਗੰਗਾਰਾਮ ਸੋਹਣੀ ਕਰੇ ਦਲੀਲਾਂ ਪੈਰ ਪਿਛੇ ਨਾ ਪਾਵੇ ਇਸ਼ਕ ਸਤਾਵੇ ॥ ੪੦ ॥ ਦੋਹਰਾ ॥ ਖੜੀ ਦਲੀਲਾਂ ਬੰਨਦੀ ਮੁਸ਼ਕਲ ਨਦੀ ਬਨਾ। ਬਾਝ ਘੜੇ ਥੀਂ ਲੰਘਨਾਂ ਦਿਲ ਵਿਚ ਨਹੀਂ ਹਿਯਾ ॥ ੪੧ ॥ ਮੁੜਿਆਂ ਲੱਗੇ ਇਸ਼ਕ ਨੂੰ ਵਹੀਂ ਜਹਾਨੀ ਲਾਜ। ਗੰਗਾਰਾਮ ਸੋਹਣੀ ਇਉਂ ਰਹੀ ਜਿਉਂ ... ਮੇ

ਪੁਰ ਬਾਜ ॥ ੪੨॥ ਕਬਿੱਤ ॥ ਡਾਰ ਘੜੇ ਪਰ ਪਾਵੇ ਨਾਮ ਰੱਬ ਦਾ ਧਿਯਾਵੇ ਮੁਖੋਂ ਬਚਨ ਸੁਨਾਵੇ ਅਜ ਮਿਲੇ ਮੇਹੀਂ ਵਾਲਿਆ। ਮੱਛ ਕੱਛ ਜਲਹੋੜੇ ਬਹੁਤ ਕਰਨ ਮਰੋੜੇ ਵਾਗ ਪਿਛਾਂਹੂੰ ਨਾ ਮੋੜੇ ਸੋਹਣੀ ਧਿਯਾਂਨ ਅੱਗੇ ਲਾਲਿਆ। ਤੰਦੂਏ ਛੱਡੀਆਂ ਨੀ ਤਾਰਾਂ ਜ਼ੋਰ ਪਾਇਆ ਮੰਸਾਰਾਂ ਰਾਹ ਰੋਕਣ ਕਤਾਰਾਂ ਮੱਥੇ ਲੇਖ ਜੋ ਲਿਖਾਲਿਆ। ਗੰਗਾਰਾਮ ਉਹ ਤਰੇਂਦੀ ਮੌਤੋਂ ਮੂਲ ਨਾ ਡਰੇਂਦੀ ਪੈਰ ਅੱਗੇ ਨੂੰ ਧਰੇਂਦੀ ਮਾਰੂ ਮੌਤ ਨੇ ਬਜਾ ਲਿਆ॥ ੪੩ ॥ ੧੦ ॥ ਡੇਉਢ ॥ ਮਾਘ ਮੌਜ ਸੋਹਣੀ ਦੇ ਦਿਲਦੀ ਸਾਹਿਬ ਨਾਮ ਧਿਆਵੇ ਖੌਫ ਨ ਖਾਵੇ। ਮੇਹੀਵਾਲਦੀ ਖਾਤਰ ਸੋਹਣੀ ਹੱਥ ਮੈਂ ਘੜਾ ਉਠਾਵੇ ਦੇਰ ਨਾ ਲਾਵੇ। ਸਸੀ ਯਾਰ ਪੁਨੂੰ ਦੀ ਖਾਤਰ ਥਲ ਵਿਚ ਜੀ ਤੜਫਾਵੇ ਇਸ਼ਕ ਸਤਾਵੇ ॥ ਗੰਗਾਰਾਮ ਮੇਹੀਵਾਲ ਮਿਲੇ ਤਾਂ ਸੋਹਣੀ ਕੂਕ ਸੁਨਾਵੇ ਵਾ-ਸਤੇ ਪਾਵੇ ॥ ੪੪ ॥ ਦੋਹਰਾ ॥ ਨਦੀ ਜੋਰਦੀ ਵਗ ਰਹੀ ਲਹਿਰਾਂ ਅੰਤ ਨ ਮੂਲ। ਇਸ਼ਕ ਸੋਹਣੀ ਨੂੰ ਆਖਦਾ ਕਰਲੈ ਮੌਤ ਕਬੂਲ ॥ ੪੫ ॥ ਇਕ ਦਿਨ ਏਥੋਂ ਚੱਲਣਾਂ ਸਾਹਿਬ ਦੇ ਹਜ਼ੂਰ। ਗੰਗਾਰਾਮ ਵਿਚਆ ਬਕਾਂ ਹੋਵੇਂ ਤੂ ਮਨਜੂਰ॥੪੬॥ਕਃ ॥ਸੋਹਣੀ ਮੰਨੀ ਤਕਦੀਰ ਅੱਗੇ ਘੱਤਕੇ ਵਹੀਰ ਛੁਟੇ ਜਿਉ ਕ-ਮਾਨੋਂ ਤੀਰ ਤਿਵੇਂ ਸੋਹਨੀ ਤਰ ਜਾਂਵਦੀ। ਵੰਜ ਬੇੜੀ ਚੱਪਾ ਨਾਹੀ ਪੇਸ਼ ਜਾਇ ਨ ਮਲਾਹੀ ਕੋਈ ਦਿਸੇ ਨਾਹੀ ਰਾਹੀ ਨਦੀ ਜੋਰਦੀ ਸੁਹਾਂਵਦੀ। ਸੋਹਣੀ ਹੋਈ ਮਸਤਾਨੀ ਲਹਿਰਾਂ ਵਗਨ ਤੂਫਾਨੀ ਆ ੁ ਮਿਲੇ ਦਿਲਜਾਨੀ ਮੇਹੀਵਾਲ ਨੂੰ ਧਿਆਂਵਦੀ। ਗੰਗਾ

ਰਾਮ ਕਰ ਧਿਆਨ ਛੱਡ ਜਾਵਨਾਂ ਜਹਾਨ ਦਿਤੀ ਸੋਹਣੀ ਨੇ ਜਾਨ ਸੋਭਾ ਆਸ਼ਕਾਂ ਵਿਚ ਪਾਂਵਦੀ ॥ ੪੭ ॥ ੧੧ ॥ ਡੇਊਢ ॥ ਫਾਗਨ ਫਰਕ ਨ ਸੋਹਣੀ ਕੀਤਾ ਫਿਰਗਈ ਇਸ਼ਕ ਦੁਹਾਈ ਸੁਨੇ ਲੁਕਾਈ। ਮੇਹੀਂਵਾਲ ਨੇ ਕੂਕ ਸੁਣੀ ਅਜ ਸੋ-ਹਣੀ ੁਲ ਨ ਆਈ ਕਿਨ ਅਟਕਾਈ। ਕੁਟੀਆ ਛੋਡ ਘਾਟ ਵਲ ਟੁਰਿਆ ਛਾਲ ਨਦੀ ਵਿਚ ਲਾਈ ਜਾਨ ਗਵਾਈ। ਗੰਗਾਰਾਮ ਪੜ ਖਿਜ਼ਰ ਜਨਾਜ਼ਾ ਦੁਹਾਂਦੀ ਕਬਰ ਬਨਾਈ ਤੇ ਦਫ਼ਨਾਈ ॥ ੪੮ ॥ ੧੨ ॥

ਬਾਲਮੀਕੀ ਰਾਮਾਇਣ

ਸ੍ਰੀ ਮਹਾਰਾਜਾ ਰਾਮਚੰਦ੍ਰ ਜੀਦੇ ਚਰਿਤ੍ਰ ਸ੍ਰਵਨ ਕਰਨ ਵਾਲੇ ਅਭਿਲਾਖੀਆਂ ਯੋਗ ਪ੍ਰਗਟ ਹੋਵੇ ਕਿ ਜੋ ਪੁਰਸ਼ ਉਰਦੂ ਅਥਵਾ ਨਾਗਰੀ ਅੱਖਰ ਨਹੀਂ ਪੜ੍ਹਸਕਦੇ ਸਨ ਉਨਾਂ ਪ੍ਰੇਮੀਆਂ ਵਾਸਤੇ ਅਸਾਂ ਏਹ ਬਾਲਮੀਕੀ ਰਾਮਾਯਣ (ਜੋ ਮਹਾਂ ਰਿਖੀ ਬਾਲਮੀਕਜੀ ਕ੍ਰਿਤ ਹੈ) ਸਾਤੋਂ ਕਾਂਡਪੂਰੇ ਠੇਠ ਸੁਧ ਪੰਜਾਬੀ ਬੋਲੀ ਵਿਚ ਉਲਥਾ ਕਰਵਾਕੇ ਗੁਰਮੁਖੀ ਅੱਖਰ ਮਝਲੇ ਟੈਪ ਵਿਖੇ ਬੜੀ ਸੁਧ ਕਰਾਕੇ ਛਾਪੀ ਹੈ ਅਰ ਅਕਾਰ ਇਸਦਾ ਭਾਈ ਬਾਲੇ ਦੀ ਵੱਡੀ ਜਨਮਸਾਖੀ ਜੇਡਾ ਹੈ ਸੂਚੀਪੱਤ੍ਰ ਤੋਂ ਬਿਨਾ ਪੰਨੇ ੮੭੮ ਹਨ ਪਰਤਦ ਭੀ ਮੋਖ ਕੇਵਲ ੧॥)ਹੀ ਰਖਿਆਹੈ ॥

ਵਿਗਜਾਪਕ

ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼

ਮਾਲਕਾਨ ਮੁਫ਼ੀਦਆਮ ਪ੍ਰੇਸ ਲਾਹੌਰ



